## ਆਪਣਾ ਮਸਲਾ ਪਹਿਲਾਂ ਸੰਸਥਾ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰੋ।

- ਮੈਨੇਜਰ ਨਾਲ ਗੱਲ ਕਰਨ ਲਈ ਕਹੋ
- ਮਸਲਾ ਸਪਸ਼ਟ ਲਫਜ਼ਾਂ ਵਿਚ ਬਿਆਨ ਕਰੋ
- ਸ਼ਾਮਲ ਸਾਰੇ ਵਿਅਕਤੀਆਂ ਦੇ ਨਾਂ ਰਿਕਾਰਡ ਕਰ ਲਉ
- ਤਰੀਕਾਂ ਅਤੇ ਜਵਾਬਾਂ ਨੂੰ ਨੋਟ ਕਰੋ
- ਪੱਕੇ ਰਹੋ, ਪਰ ਸ਼ਾਂਤ ਰਹੋ
- ਸਾਰੇ ਡਾਕੂਮੈਂਟਸ ਦੀਆਂ ਕਾਪੀਆਂ ਰੱਖੋ
- ਅਪੀਲ/ਰਿਵੀਊ ਦੇ ਤਰੀਕਿਆਂ ਬਾਰੇ ਪੁੱਛੋ

**ਅਸੀਂ:**

- ਬੀ ਸੀ ਦੇ ਨਵੇਂ ਵਿਸਲਬਲੋਇੰਗ ਕਾਨੂੰਨ ਹੇਠ ਗਲਤ ਕੰਮਾਂ ਅਤੇ ਬਦਲਾ ਲੈਣ ਦੀ ਭਾਵਨਾ ਦੇ ਇਲਜ਼ਾਮਾਂ ਦੀ ਪੜਤਾਲ ਵੀ ਕਰਦੇ ਹਾਂ
- ਜਨਤਕ ਖੇਤਰ ਦੀਆਂ ਸੰਸਥਾਵਾਂ ਲਈ ਨਿਰਪੱਖਤਾ ਬਾਰੇ ਸਲਾਹ ਅਤੇ ਟਰੇਨਿੰਗ ਵੀ ਪ੍ਰਦਾਨ ਕਰਦੇ ਹਾਂ

ਜ਼ਿਆਦਾ ਜਾਣੋ
www.bcombudsperson.ca

### ਸਾਨੂੰ ਈਮੇਲ ਕਰੋ

ਸ਼ਿਕਾਇਤਾਂ: info@bcombudsperson.ca

### ਸਾਨੂੰ ਫੋਨ ਕਰੋ

1-800-567-FAIR (3247) ਜਾਂ 250-387-5855

### ਸਾਨੂੰ ਮਿਲੋ

2nd floor - 947 Fort St., Victoria BC

### ਸਾਨੂੰ ਡਾਕ ਰਾਹੀਂ ਭੇਜੋ

BC Ombudsperson
PO Box 9039 Stn Prov Govt, Victoria BC V8W 9A5

www.bcombudsperson.ca
@bcombudsperson

**ਮੁਫਤ। ਆਜ਼ਾਦ। ਗੁਪਤ। ਨਿਰਪੱਖ।**

[Punjabi]




## ਸਾਡੇ ਨਾਲ ਗੱਲ ਕਰੋ।

OMBUDSPERSON
BRITISH COLUMBIA




# ਸੁਣੇ ਜਾਣਾ, ਆਦਰ ਅਤੇ ਵਾਜਬ ਵਰਤਾਉ ਹੋਣਾ ਤੁਹਾਡਾ ਹੱਕ ਹੈ

# ਓਮਬਡਜ਼-ਪਰਸਨ

## ਇਕ ਅਜੀਬ ਸ਼ਬਦ, ਪਰ ਇਕ ਮਹੱਤਵਪੂਰਨ ਸਰਵਿਸ

ਅਸੀਂ ਇਹ ਪੱਕਾ ਕਰਨ ਲਈ ਨਿਰਪੱਖਤਾ ਨਾਲ ਪੜਤਾਲ ਕਰਦੇ ਹਾਂ ਕਿ ਬੀ ਸੀ ਵਿਚ ਜਨਤਕ ਖੇਤਰ ਦੀਆਂ ਸੂਬਾਈ ਅਤੇ ਲੋਕਲ ਸੰਸਥਾਵਾਂ ਲੋਕਾਂ ਨਾਲ ਵਾਜਬ ਵਰਤਾਉ ਕਰ ਰਹੀਆਂ ਹਨ ਅਤੇ ਨਿਯਮਾਂ ਦੀ ਪਾਲਣਾ ਕਰ ਰਹੀਆਂ ਹਨ। ਜਦੋਂ ਉਹ ਅਜਿਹਾ ਨਹੀਂ ਕਰਦੀਆਂ ਤਾਂ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਐਕਸ਼ਨਾਂ ਲਈ ਜਵਾਬਦੇਹ ਬਣਾਉਂਦੇ ਹਾਂ।

## ਸਾਡੀ ਪਹੁੰਚ:

ਅਸੀਂ ਪਬਲਿਕ ਦੀਆਂ ਸ਼ਿਕਾਇਤਾਂ ਸੁਣਦੇ ਹਾਂ

ਅਸੀਂ ਵਾਜਬ ਹੱਲ ਲੱਭਦੇ ਹਾਂ

ਅਸੀਂ ਸਮੱਸਿਆਵਾਂ ਦੀ ਪੜਤਾਲ ਕਰਦੇ ਹਾਂ

ਅਸੀਂ ਇਸ ਚੀਜ਼ ਵਿਚ ਸੁਧਾਰ ਕਰਦੇ ਹਾਂ ਕਿ ਲੋਕਾਂ ਨੂੰ ਸਰਵਿਸ ਕਿਵੇਂ ਦਿੱਤੀ ਜਾ ਰਹੀ ਹੈ

## ਨਾਵਾਜਬ ਵਰਤਾਉ ਹੋਣ ਦਾ ਕੀ ਮਤਲਬ ਹੈ?

ਨਾਵਾਜਬ ਵਰਤਾਉ ਹੋਣ ਦਾ ਮਤਲਬ ਬਹੁਤ ਸਾਰੇ ਲੋਕਾਂ ਲਈ ਬਹੁਤ ਸਾਰੀਆਂ ਚੀਜ਼ਾਂ ਹੋ ਸਕਦਾ ਹੈ। ਅਸੀਂ ਇਹ ਕੁਝ ਸ਼ਿਕਾਇਤਾਂ ਸੁਣ ਸਕਦੇ ਹਾਂ:

- ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਕਿਸੇ ਬੈਨੇਫਿਟ ਜਾਂ ਸਰਵਿਸ ਲਈ ਯੋਗ ਹੋ ਅਤੇ ਤੁਹਾਨੂੰ ਨਾਂਹ ਕੀਤੀ ਗਈ ਹੈ
- ਤੁਸੀਂ ਲੋੜੀਂਦੇ ਜਵਾਬ ਮਿਲਣ ਦੀ ਬਹੁਤ ਲੰਮਾ ਸਮਾਂ ਉਡੀਕ ਕੀਤੀ ਹੈ
- ਤੁਸੀਂ ਕਿਸੇ ਫੈਸਲੇ ਨਾਲ ਅਸਹਿਮਤ ਹੋ ਜਾਂ ਇਹ ਤੁਹਾਨੂੰ ਸਹੀ ਤਰ੍ਹਾਂ ਸਪਸ਼ਟ ਨਹੀਂ ਕੀਤਾ ਗਿਆ
- ਅਤੇ ਹੋਰ...

## ਤੁਸੀਂ ਸਾਨੂੰ ਕਿਸ ਬਾਰੇ ਸ਼ਿਕਾਇਤ ਕਰ ਸਕਦੇ ਹੋ?

ਬੀ ਸੀ ਵਿਚਲੀਆਂ ਬਹੁਤੀਆਂ ਸੂਬਾਈ ਜਾਂ ਲੋਕਲ ਜਨਤਕ ਸੰਸਥਾਵਾਂ ਬਾਰੇ, ਜਿਨ੍ਹਾਂ ਵਿਚ ਸ਼ਾਮਲ ਹਨ:

- ਸੂਬਾਈ ਸਰਕਾਰ ਦੀਆਂ ਮਨਿਸਟਰੀਆਂ
- ਕਰਾਊਨ ਕਾਰਪੋਰੇਸ਼ਨਾਂ (ਆਈ ਸੀ ਬੀ ਸੀ, ਬੀ ਸੀ ਹਾਈਡਰੋ, ਆਦਿ)
- ਸਕੂਲ ਅਤੇ ਯੂਨੀਵਰਸਿਟੀਆਂ
- ਹਸਪਤਾਲ ਅਤੇ ਹੈਲਥ ਅਥਾਰਟੀਆਂ
- ਲੋਕਲ ਸਰਕਾਰਾਂ ਅਤੇ ਰੀਜਨਲ ਡਿਸਟ੍ਰਿਕਟਸ

## ਤੁਸੀਂ ਸਾਨੂੰ ਕਿਸ ਬਾਰੇ ਸ਼ਿਕਾਇਤ ਨਹੀਂ ਕਰ ਸਕਦੇ ਹੋ?

- ਪ੍ਰਾਈਵੇਟ ਕੰਪਨੀਆਂ
- ਫੈਡਰਲ ਸਰਕਾਰ
- ਪੁਲੀਸ (ਫੈਡਰਲ ਜਾਂ ਮਿਉਨਿਸਪਲ)
- ਫਸਟ ਨੇਸ਼ਨਜ਼ ਦੀਆਂ ਸਰਕਾਰਾਂ
- ਵਿਧਾਨ ਸਭਾ ਅਸੰਬਲੀ
- ਅਦਾਲਤਾਂ

## ਅਤੇ, ਤੁਸੀਂ ਕਿਸ ਨਤੀਜੇ ਦੀ ਆਸ ਰੱਖ ਸਕਦੇ ਹੋ?

- ਮਾਫ਼ੀ ਮੰਗੇ ਜਾਣ ਦੀ
- ਸਪਸ਼ਟ ਵਰਣਨ ਦੀ
- ਪਹਿਲਾਂ ਨਾਂਹ ਕੀਤੇ ਗਏ ਕਿਸੇ ਬੈਨੇਫਿਟ ਨੂੰ ਮਿਲਣ ਦੀ
- ਕਿਸੇ ਫੈਸਲੇ 'ਤੇ ਮੁੜ ਕੇ ਵਿਚਾਰ ਕੀਤੇ ਜਾਣ ਜਾਂ ਬਦਲੇ ਜਾਣ ਦੀ
- ਖਰਚੇ ਵਾਪਸ ਮੋੜੇ ਜਾਣ ਦੀ
- ਪੌਲਸੀ ਜਾਂ ਤਰੀਕੇ ਵਿਚ ਤਬਦੀਲੀ ਦੀ

**ਇਕ ਸ਼ਿਕਾਇਤ ਬਹੁਤ ਸਾਰਿਆਂ ਦਾ ਫਾਇਦਾ ਕਰ ਸਕਦੀ ਹੈ**